# ਸਰਮਾਏਦਾਰਾ ਜਮਹੂਰੀਅਤ ਦੇ ਖਾਣ ਦੇ ਦੰਦ

• ਸ਼ਵੇਤਾ

**ਆਮ** ਤੌਰ 'ਤੇ ਦੇਸ਼ ਦੀ ਹਾਕਮ ਜਮਾਤ ਆਮ ਲੋਕਾਂ ਦੇ ਮਨਾਂ 'ਚ ਇਹ ਧਾਰਨਾ ਸਥਾਪਿਤ ਕਰਨ ਦੀ ਹਰ ਸੰਭਵ ਕੋਸ਼ਿਸ਼ ਵਿੱਚ ਲੱਗੀ ਰਹਿੰਦੀ ਹੈ ਕਿ ਪੁਲਿਸ ਅਤੇ ਜੇਲ੍ਹ-ਤੰਤਰ ਲੋਕਾਂ ਦੀ ਭਲਾਈ ਲਈ ਹੁੰਦੇ ਹਨ। ਜੇਕਰ ਪੁਲਿਸ ਅਤੇ ਜੇਲ੍ਹ ਨਾ ਹੋਵੇ ਤਾਂ ਸਮਾਜ ਵਿੱਚ ਅਨੁਸ਼ਾਸਨਹੀਣਤਾ ਅਤੇ ਅਪਰਾਧੀ ਪ੍ਰਵਿਰਤੀਆਂ ਵਧ ਜਾਣਗੀਆਂ। ਸਮਾਜ ਵਿੱਚ ਅਰਾਜਕਤਾ ਫੈਲਣ ਤੋਂ ਰੋਕਣ ਦਾ "ਤਰਕ" ਦੇ ਕੇ ਪੁਲਿਸ ਅਤੇ ਜੇਲ੍ਹਾਂ ਨੂੰ ਪ੍ਰਬੰਧ ਦੇ ਸੰਚਾਲਨ ਲਈ ਮਹੱਤਵਪੂਰਣ ਦੱਸਿਆ ਜਾਂਦਾ ਹੈ। ਆਮ ਲੋਕ ਵੀ ਹਾਕਮ ਜਮਾਤ ਦੇ "ਤਰਕ" ਦੇ ਜਾਲ਼ ਵਿੱਚ ਫੱਸਕੇ ਇਹਨਾਂ ਦੀ ਵਕਾਲਤ ਕਰਨ ਲੱਗਦੇ ਹਨ। ਜੇਕਰ ਕੁਝ ਅੰਕੜਿਆਂ 'ਤੇ ਧਿਆਨ ਦਿੱਤਾ ਜਾਵੇ ਤਾਂ ਇਸ ਧਾਰਨਾ ਨੂੰ ਟੁੱਟਣ ਵਿੱਚ ਦੇਰ ਨਹੀਂ ਲੱਗੇਗੀ।


ਨਵੀਂ ਦਿੱਲੀ ਵਿੱਚ ਕੇਂਦਰਿਤ *ਏਸ਼ੀਅਨ ਸੈਂਟਰ ਆਫ਼ ਹਿਊਮਨ ਰਾਈਟਸ* ਦੀ ਇੱਕ ਰਿਪੋਰਟ ਸਾਲ 2001-2010 ਵਿਚਕਾਰ ਹਿਰਾਸਤ ਵਿੱਚ ਹੋਇਆਂ ਮੌਤਾਂ 'ਤੇ ਚਾਨਣ ਪਾਉਂਦੀ ਹੈ। ਰਿਪੋਰਟ ਅਨੁਸਾਰ ਇਸ ਅਰਸੇ ਦੌਰਾਨ ਹਿਰਾਸਤ ਵਿੱਚ 14,231 ਲੋਕਾਂ ਦੀ ਮੌਤ ਹੋਈ। ਇਹਨਾਂ 'ਚੋਂ 1,504 ਮੌਤਾਂ ਤਾਂ ਪੁਲਿਸ ਹਿਰਾਸਤ ਵਿੱਚ ਜਦਕਿ 12,727 ਮੌਤਾਂ ਨਿਆਂਇਕ ਹਿਰਾਸਤ ਵਿੱਚ ਹੋਈਆਂ। ਪੁਲਿਸ ਹਿਰਾਸਤ ਵਿੱਚ ਸਭ ਤੋਂ ਵੱਧ ਮੌਤਾਂ ਮਹਾਂਰਾਸ਼ਟਰ (250) ਜਦਕਿ ਨਿਆਂਇਕ ਹਿਰਾਸਤ ਵਿੱਚ ਸਭ ਤੋਂ ਵੱਧ ਮੌਤਾਂ ਉੱਤਰ ਪ੍ਰਦੇਸ਼ (2171) ਵਿੱਚ ਦਰਜ ਕੀਤੀਆਂ ਗਈਆਂ ਹਨ। ਰਿਪੋਰਟ ਵਿੱਚ ਸਪਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਇਹਨਾਂ ਮੌਤਾਂ ਦਾ ਮੁੱਖ ਕਾਰਨ ਹਿਰਾਸਤ ਦੌਰਾਨ ਦਿੱਤੇ ਜਾਣ ਵਾਲ਼ੇ ਤਸੀਹੇ ਹਨ। ਇੱਕ ਹੋਰ ਸੰਸਥਾ ਵਰਕਿੰਗ ਗਰੁੱਪ ਆਨ ਹਿਊਮਨ ਰਾਇਟਸ (ਡਬਲਯੂ.ਜੀ.ਐਚ.ਆਰ.) ਅਨੁਸਾਰ ਭਾਰਤ ਵਿੱਚ ਹਰ ਸਾਲ ਪੁਲਿਸ ਅਤੇ ਨਿਆਂਇਕ ਹਿਰਾਸਤ ਵਿੱਚ ਤਸੀਹਿਆਂ ਦੇ ਔਸਤਨ 1 ਕਰੋੜ 80 ਮਾਮਲੇ ਵਾਪਰਦੇ ਹਨ। ਤਸੀਹੇ ਦੇਣ ਲਈ ਆਮ ਤੌਰ 'ਤੇ ਜਿਹਨਾਂ ਢੰਗਾਂ ਦੀ ਵਰਤੋਂ ਕੀਤੀ ਜਾਂਦੀ ਹੈ ਉਹ ਹਨ- ਛੱਤ ਤੋਂ ਪੁੱਠਾ ਲਟਕਾਇਆ ਜਾਣਾ, ਪਾਣੀ ਵਿੱਚ ਸਿਰ ਡੁਬੋਣਾ, ਗੁਪਤ ਅੰਗਾਂ ਵਿੱਚ ਬਿਜਲੀ ਦਾ ਕਰੰਟ ਲਗਾਉਣਾ ਆਦਿ। ਕੀ ਇਹ ਜਾਨਣ ਤੋਂ ਬਾਅਦ ਵੀ "ਰਾਖੇ" ਦੀ ਭੂਮਿਕਾ ਨਿਭਾਉਣ ਵਾਲ਼ੇ ਪੁਲਿਸ ਅਤੇ ਜੇਲ੍ਹ-ਢਾਂਚੇ ਵਿੱਚ ਆਦਰ ਬਰਕਰਾਰ ਰਹਿਣ ਦਾ ਕੋਈ ਅਧਾਰ ਬਚਿਆ ਰਹਿ ਜਾਂਦਾ ਹੈ? ਇੱਕ ਸੁਚੇਤ ਅਤੇ ਸੰਵੇਦਨਸ਼ੀਲ ਬੰਦਾ ਤਾਂ ਰੋਜਮਰਾ ਦੇ ਜੀਵਨ ਵਿੱਚ ਪੁਲਿਸ ਦੇ ਰਵੱਈਏ ਤੋਂ ਹੀ ਇਸ ਗੱਲ ਦਾ ਅੰਦਾਜਾ ਲਗਾ ਸਕਦਾ ਹੈ ਕਿ ਹਿਰਾਸਤ ਵਿੱਚ ਤਸੀਹੇ ਦੇ ਬਰਬਰ ਰੂਪਾਂ ਨੂੰ ਵੀ ਅੰਜਾਮ ਦੇਣ ਵਿੱਚ ਪੁਲਿਸ ਢਾਂਚੇ ਦੇ ਲੋਕਾਂ ਨੂੰ ਥੋੜ੍ਹੀ ਵੀ ਸ਼ਰਮਿੰਦਗੀ ਨਹੀਂ ਹੁੰਦੀ ਹੋਵੇਗੀ।

ਧਿਆਨ ਦੇਣ ਯੋਗ ਹੈ ਕਿ ਹਿਰਾਸਤ ਵਿੱਚ ਤਸੀਹੇ ਦਾ ਕਹਿਰ ਜਾਂ ਤਾਂ ਗਰੀਬ ਪਿਛੋਕੜ ਦੇ ਲੋਕਾਂ ਜਾਂ ਸਮਾਜਿਕ-ਸਿਆਸੀ ਕਾਰਕੁੰਨਾਂ ਨੂੰ ਝੱਲਣਾ ਪੈਂਦਾ ਹੈ। ਅਰਬਾਂ-ਖਰਬਾਂ ਦੇ ਭ੍ਰਿਸ਼ਟਾਚਾਰ ਵਿੱਚ ਸਿਰ ਤੋਂ ਪੈਰਾਂ ਤੱਕ ਡੁੱਬੇ ਲੀਡਰ-ਮੰਤਰੀ-ਨੌਕਰਸ਼ਾਹ-ਸਰਮਾਏਦਾਰ ਜਾਂ ਤਾਂ ਹਿਰਾਸਤ ਤੱਕ ਪਹੁੰਚਦੇ ਹੀ ਨਹੀਂ ਅਤੇ ਜੇਕਰ ਇੱਕਾ-ਦੁੱਕਾ ਮਾਮਲਿਆਂ ਵਿੱਚ ਅਜਿਹਾ ਹੋ ਵੀ ਜਾਵੇ ਤਾਂ ਜਿਸ ਸਿਆਸੀ ਠਾਠ-ਬਾਠ ਦਾ ਮਾਹੌਲ ਉਹਨਾਂ ਨੂੰ ਮੁਹੱਈਆ ਹੁੰਦਾ ਹੈ ਉਹ ਕਿਸੇ ਪੰਜ ਤਾਰਾ ਹੋਟਲ ਤੋਂ ਘੱਟ ਨਹੀਂ ਹੁੰਦਾ। ਪੈਸੇ ਦੇ ਜ਼ੋਰ 'ਤੇ ਕਨੂੰਨ ਨੂੰ ਆਪਣੀ ਜੇਬ ਵਿੱਚ ਲੈ ਕੇ ਘੁੰਮਣ ਵਾਲ਼ੇ ਅਸਲੀ ਅਪਰਾਧੀ ਤਾਂ ਹਿੱਕ ਤਾਣ ਕੇ ਖੁੱਲ੍ਹੇਆਮ ਘੁੰਮਦੇ ਹਨ ਜਦਕਿ ਪਤਾ ਨਹੀਂ ਕਿੰਨੇ ਹੀ ਬੇਗੁਨਾਹ ਆਮ ਲੋਕਾਂ ਦਾ ਜੀਵਨ "ਇਨਸਾਫ਼" (ਸਰਮਾਏਦਾਰਾ ਨਿਆਂਪਾਲਿਕਾ ਤੋਂ ਇਨਸਾਫ਼!) ਦੀ ਆਸ ਲਾਉਂਦੇ-ਲਾਉਂਦੇ ਜੇਲ੍ਹ ਦੀਆਂ ਕਾਲ਼ ਕੋਠੜੀਆਂ ਵਿੱਚ ਹੀ ਖਤਮ ਹੋ ਜਾਂਦਾ ਹੈ। ਭੋਪਾਲ ਗੈਸ ਤ੍ਰਾਸਦੀ ਵਿੱਚ ਹਜ਼ਾਰਾਂ ਬੇਗੁਨਾਹ ਲੋਕਾਂ ਦੀ ਮੌਤ ਲਈ ਕਸੂਰਵਾਰ ਵਾਰੇਨ ਐਂਡਰਸਨ 'ਤੇ ਭਾਰਤ ਸਰਕਾਰ ਕੋਈ ਬਿਪਤਾ ਨਹੀਂ ਆਉਣ ਦਿੰਦੀ, ਸਗੋਂ ਉਸਨੂੰ ਕੁਸ਼ਲਤਾ ਨਾਲ਼ ਵਿਦੇਸ਼ ਪਹੁੰਚਾਉਣ ਦਾ ਕੰਮ ਕੀਤਾ ਜਾਂਦਾ ਹੈ, 2002 ਵਿੱਚ ਗੁਜਰਾਤ ਵਿੱਚ ਬਰਬਰ ਕਤਲੇਆਮ ਨੂੰ ਅੰਜਾਮ ਦੇਣ ਵਾਲ਼ੇ ਨਰਿੰਦਰ ਮੋਦੀ ਦੀ ਪ੍ਰਸ਼ੰਸਾ ਦੇ ਕਸੀਦੇ ਪੜ੍ਹੇ ਜਾਂਦੇ ਹਨ, ਫੁੱਟਪਾਥਾਂ 'ਤੇ ਸੌਂ ਰਹੇ ਬੇਘਰ ਮਾਸੂਮ ਗਰੀਬਾਂ ਨੂੰ ਕਾਰ ਹੇਠ ਕੁਚਲ ਦੇਣ ਦੇ ਦੋਸ਼ੀ ਸਲਮਾਨ ਖਾਨ ਨੂੰ ਨੌਜਵਾਨਾਂ ਦੇ ਰੋਲ ਮਾਡਲ ਦੇ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ, ਉੱਥੇ ਦੂਜੇ ਪਾਸੇ ਆਪਣੇ ਹੱਕਾਂ ਲਈ ਮਾਨੇਸਰ ਸਥਿਤ ਮਾਰੂਤੀ ਪਲਾਂਟ ਦੇ ਮਜ਼ਦੂਰ ਜਦ ਸੜਕਾਂ 'ਤੇ ਉੱਤਰਦੇ ਹਨ ਤਾਂ ਉਹਨਾਂ 'ਤੇ ਗੰਭੀਰ ਧਾਰਾਵਾਂ ਲਗਾ ਕੇ ਹਿਰਾਸਤ ਵਿੱਚ ਬਰਬਰ ਤਸੀਹੇ ਦਿੱਤੇ ਜਾਂਦੇ ਹਨ, ਲੋਕਾਂ ਦੇ ਹੱਕਾਂ ਲਈ ਸੰਘਰਸ਼ ਕਰ ਰਹੇ ਸਿਆਸੀ ਕਾਰਕੁੰਨਾਂ 'ਤੇ ਫਰਜੀ ਮੁਕੱਦਮੇ ਚਲਾ ਕੇ ਨਾ ਕਲਪੇ ਜਾਣ ਵਾਲ਼ੇ ਪੱਧਰ ਤੱਕ ਹਿਰਾਸਤ ਵਿੱਚ ਤਸੀਹੇ ਦਿੱਤੇ ਜਾਂਦੇ ਹਨ। ਇਹ ਤਾਂ ਸਿਰਫ਼ ਕੁਝ ਉਦਾਹਰਣਾਂ ਹਨ। ਇਹਨਾਂ ਉਦਾਹਰਣਾਂ ਰਾਹੀਂ ਅਸੀਂ ਮੁੱਖ ਤੌਰ 'ਤੇ ਪੁਲਿਸ ਅਤੇ ਜੇਲ੍ਹ ਢਾਂਚੇ ਦੇ ਜਮਾਤੀ ਕਿਰਦਾਰ ਨੂੰ ਉਜਾਗਰ ਕਰਨਾ ਚਾਹੁੰਦੇ ਹਾਂ। ਹਰੇਕ ਜਮਾਤੀ ਸਮਾਜ ਵਿੱਚ ਪੁਲਿਸ ਅਤੇ ਜੇਲ੍ਹ ਢਾਂਚੇ ਦਾ ਜਮਾਤੀ ਪੱਖਪਾਤੀ ਸੁਭਾਅ ਨਿਸ਼ਚਿਤ ਹੁੰਦਾ ਹੈ।

ਸਰਮਾਏਦਾਰਾ ਢਾਂਚੇ ਦਾ ਮੁੱਖ ਅਧਾਰ ਮੁਨਾਫ਼ਾ ਹੁੰਦਾ ਹੈ। ਮੁਨਾਫ਼ਾਖੋਰਾਂ ਦਾ ਇੱਕ ਛੋਟਾ ਜਿਹਾ ਹਿੱਸਾ ਆਮ ਲੋਕਾਂ ਦੀ ਲੁੱਟ ਨਾਲ਼ ਇਸ ਮੁਨਾਫ਼ੇ ਨੂੰ ਨਿਸ਼ਚਿਤ ਕਰਦਾ ਹੈ। ਵਧਦੀ ਲੁੱਟ ਵਿਰੁੱਧ ਜਦ ਲੋਕਾਂ ਦਾ ਗੁੱਸਾ ਫੁੱਟਣ ਲੱਗਦਾ ਹੈ ਤਾਂ ਹਾਕਮ ਜਮਾਤ ਇਸ ਗੁੱਸੇ ਨੂੰ ਕੰਟਰੋਲ ਕਰਨ ਲਈ ਕਈ ਚਾਲਾਂ ਚਲਦੀ ਹੈ। ਢਾਂਚੇ ਦੇ ਪੈਰੋਕਾਰ ਲੁੱਟ 'ਤੇ ਟਿਕੇ ਢਾਂਚੇ ਨੂੰ ਬਰਕਰਾਰ ਰੱਖਣ ਲਈ ਅਨੇਕਾਂ ਸਾਜੋ-ਸਮਾਨਾਂ ਨਾਲ਼ ਖੁਦ ਨੂੰ ਲੈਸ ਕਰਕੇ ਰੱਖਦੇ ਹਨ। ਕਨੂੰਨ, ਪੁਲਿਸ, ਕੋਰਟ-ਕਚਹਿਰੀ, ਜੇਲ੍ਹ ਆਦਿ ਦਾ ਪੂਰਾ ਢਾਂਚਾ ਲੋਕਾਂ ਦੇ ਦਿਲ ਵਿੱਚ ਡਰ ਪੈਦਾ ਕਰਨ, ਉਹਨਾਂ ਨੂੰ "ਕਾਬੂ" 'ਚ ਰੱਖਣ ਲਈ ਹੁੰਦਾ ਹੈ।

ਸਰਮਾਏਦਾਰੀ ਪ੍ਰਬੰਧ ਵਿੱਚ ਸੰਸਦ, ਵਿਧਾਨ-ਸਭਾਵਾਂ ਆਦਿ ਤਾਂ ਕੇਵਲ ਦਿਖਾਉਣ ਦੇ ਦੰਦ ਹੁੰਦੇ ਹਨ ਜੋ ਲੋਕਾਂ ਨੂੰ ਭਰਮਾਉਣ ਲਈ ਖੜੇ ਕੀਤੇ ਜਾਂਦੇ ਹਨ। "ਜਮਹੂਰੀਅਤ ਦੀ ਸਰਵਉੱਚ ਸੰਸਥਾ", "ਜਮਹੂਰੀਅਤ ਦੇ ਮਜ਼ਬੂਤ ਥੰਭੇ" ਵਰਗੀਆਂ ਲੁਭਾਉਣੀਆਂ ਗੱਲਾਂ ਨਾਲ਼ ਲੋਕਾਂ ਦੀਆਂ ਨਜ਼ਰਾਂ ਤੋਂ ਸੱਚਾਈ ਨੂੰ ਉਹਲੇ ਕਰਨ ਦਾ ਯਤਨ ਕੀਤਾ ਜਾਂਦਾ ਹੈ। ਸਰਮਾਏਦਾਰਾ ਜਮਹੂਰੀਅਤ ਦੀ ਅਸਲੀਅਤ ਇਹ ਹੈ ਕਿ ਉਹ 15 ਫੀਸਦੀ ਮੁਨਾਫ਼ਾਖੋਰਾਂ ਦੀ ਜਮੂਰੀਅਤ ਹੁੰਦੀ ਹੈ ਅਤੇ 85 ਫੀਸਦੀ ਆਮ ਲੋਕਾਂ ਲਈ ਤਾਨਾਸ਼ਾਹੀ ਹੁੰਦੀ ਹੈ। ਇਸੇ ਤਾਨਾਸ਼ਾਹੀ ਨੂੰ ਪੁਲਿਸ, ਕਨੂੰਨ, ਅਦਾਲਤਾਂ, ਜੇਲ੍ਹ ਆਦਿ ਨੂੰ ਠੋਸ ਰੂਪ ਦਿੰਦੇ ਹਨ ਜੋ ਸਰਮਾਏਦਾਰੀ ਢਾਂਚੇ ਦੇ ਖਾਣ ਦੇ ਦੰਦਾਂ ਦੀ ਭੂਮਿਕਾ ਨਿਭਾਉਂਦੇ ਹਨ।

ਕੁਝ ਲੋਕਾਂ ਦਾ ਇਹ ਵੀ ਮੰਨਣਾ ਹੈ ਕਿ ਕੁਝ ਕਨੂੰਨੀ ਸੋਧਾਂ ਰਾਹੀਂ ਪੁਲਿਸ ਅਤੇ ਜੇਲ੍ਹ ਢਾਂਚੇ ਨੂੰ ਮਨੁੱਖੀ ਰੂਪ ਪ੍ਰਦਾਨ ਕੀਤਾ ਜਾ ਸਕਦਾ ਹੈ। ਉਹ ਇੱਕਪਾਸੜ ਢੰਗ ਨਾਲ਼ ਇਹਨਾਂ ਢਾਂਚਿਆਂ ਦੀ ਕਾਰਜ-ਪ੍ਰਣਾਲੀ ਨੂੰ ਦੇਖਦੇ ਹਨ। ਉਹ ਪੁਲਿਸ ਅਤੇ ਜੇਲ੍ਹ ਢਾਂਚੇ ਦੇ ਜਮਾਤੀ ਸਾਰਤੱਤ ਨੂੰ ਨਹੀਂ ਸਮਝਦੇ। ਮੁਨਾਫ਼ੇ 'ਤੇ ਟਿਕੇ ਸਰਮਾਏਦਾਰਾ ਪ੍ਰਬੰਧ ਵਿੱਚ ਪੁਲਿਸ ਅਤੇ ਜੇਲ੍ਹ ਢਾਂਚੇ ਦੇ ਮਨੁੱਖੀ ਰੂਪ ਦੀ ਕਲਪਨਾ ਸ਼ੇਖਚਿਲੀ ਦੇ ਸੁਪਨੇ ਤੋਂ ਵੱਧ ਕੁਝ ਨਹੀਂ ਹੈ। ਸੱਚਾਈ ਤਾਂ ਇਹ ਹੈ ਕਿ ਭਾਰਤੀ ਹਾਕਮ ਜਮਾਤ ਲਗਾਤਾਰ ਕਨੂੰਨ, ਪੁਲਿਸ, ਜੇਲ੍ਹ ਰੂਪੀ ਸਰਮਾਏਦਾਰਾ ਢਾਂਚੇ ਦੇ ਖਾਣ ਦੇ ਦੰਦਾਂ ਨੂੰ ਵੱਧ ਤੋਂ ਵੱਧ ਤਿੱਖੇ ਕਰਨ ਦਾ ਅਭਿਆਸ ਕਰ ਰਹੀ ਹੈ। ਇਹ ਐਂਵੇਂ ਨਹੀਂ ਹੈ ਕਿ ਭਾਰਤ ਦੀ ਅਜ਼ਾਦੀ ਤੋਂ ਬਾਅਦ ਹਿਰਾਸਤ ਵਿੱਚ ਤਸੀਹਿਆਂ ਦੇ ਸੰਸਾਥਗਤ ਰੂਪ ਨੂੰ ਜਿਉਂ ਦਾ ਤਿਉਂ ਰੱਖਿਆ ਗਿਆ ਹੈ ਜਿਵੇਂ ਉਹ ਅੰਗਰੇਜ਼ਾਂ ਦੀ ਹਕੂਮਤ ਵੇਲ਼ੇ ਸੀ। ਸੱਚਾਈ ਤਾਂ ਇਹ ਹੈ ਕਿ ਕਨੂੰਨਾਂ ਵਿੱਚ ਸੋਧ ਕਰਕੇ ਹਿਰਾਸਤ ਵਿੱਚ ਤਸੀਹਿਆਂ ਦੀ ਕਾਰਵਾਈ ਨੂੰ ਵੱਧ ਤੋਂ ਵੱਧ ਸੌਖਾ ਬਣਾਇਆ ਜਾ ਰਿਹਾ ਹੈ। ਸਰਮਾਏਦਾਰਾ ਢਾਂਚੇ ਦੇ ਚਾਕਰ ਅਨਿਆਂ ਵਿਰੁੱਧ ਉੱਠਣ ਵਾਲ਼ੀ ਹਰ ਅਵਾਜ਼ ਦਬਾਉਣ ਦੀ ਤਿਆਰੀ ਵਿੱਚ ਖੁਦ ਨੂੰ ਸਾਰੇ ਹਥਿਆਰਾਂ ਨਾਲ਼ ਲੈਸ ਕਰ ਰਹੇ ਹਨ। ਹਾਕਮ ਜਮਾਤ ਦੀ ਸੇਵਾ ਵਿੱਚ ਲੱਗੇ ਸਾਰੇ ਥੰਮਾਂ (ਵਿਧਾਨਪਾਲਿਕਾ, ਕਾਰਜਪਾਲਿਕਾ, ਨਿਆਂਪਾਲਿਕਾ, ਮੀਡੀਆ) ਤੋਂ ਆਮ ਲੋਕਾਂ ਦੇ ਹਿੱਤਾਂ ਦੀ ਨੁਮਾਇੰਦਗੀ ਦੀ ਆਸ ਕਰਨਾ ਬੇਕਾਰ ਹੈ। ਮੁਨਾਫ਼ੇ 'ਤੇ ਟਿਕੇ ਪ੍ਰਬੰਧ ਤੋਂ ਆਸ ਲਾਈ ਰੱਖਣ ਦੀ ਸੋਚ ਸਾਨੂੰ ਹਨੇਰੀ ਗਲ਼ੀ ਵਿੱਚ ਭਟਕਾ ਦੇਵੇਗੀ। ਸਾਨੂੰ ਆਪਣੀ ਸੋਚ ਨੂੰ ਵਿਸ਼ਾਲ ਬਣਾਉਣਾ ਹੋਵੇਗਾ। ਸਰਮਾਏਦਾਰਾ ਪ੍ਰਬੰਧ ਦੀਆਂ ਕਮਜ਼ੋਰੀਆਂ ਅਤੇ ਖਤਮ ਹੋ ਚੁੱਕੀਆਂ ਸਾਰੀਆਂ ਸਕਾਰਾਤਮਕ ਸੰਭਾਵਨਾਵਾਂ ਬਾਰੇ ਵੀ ਸਮਝਣਾ ਹੋਵੇਗਾ। ਮਨੁੱਖੀ ਲੋੜਾਂ 'ਤੇ ਕੇਂਦਰਿਤ ਇੱਕ ਬਦਲਵੇਂ ਪ੍ਰਬੰਧ ਦੀ ਤਿਆਰੀ ਲਈ ਇਹ ਅੱਜ ਦੀ ਬੁਨਿਆਦੀ ਸ਼ਰਤ ਵੀ ਹੈ ਅਤੇ ਲੋੜ ਵੀ। ●



# "ਡਾਕਟਰ ਹੁਣ ਜੈਨੇਰਿਕ ਦਵਾਈਆਂ ਹੀ ਲਿਖਣਗੇ"
## ਪੰਜਾਬ ਸਰਕਾਰ ਦਾ ਲੋਕਾਂ ਲਈ ਨਵਾਂ ਛੁਣਛੁਣਾ

**14** ਅਗਸਤ ਦੇ ਅਖਬਾਰ ਨੇ ਦੱਸਿਆ ਕਿ ਹੁਣ ਪੰਜਾਬ ਸਰਕਾਰ ਨੇ ਸਰਕਾਰੀ ਹਸਪਤਾਲਾਂ ਵਿੱਚ ਕੰਮ ਕਰਦੇ ਸਾਰੇ ਡਾਕਟਰਾਂ ਨੂੰ ਨਿਰਦੇਸ਼ ਜਾਰੀ ਕੀਤਾ ਹੈ ਕਿ ਉਹ ਮਰੀਜ਼ਾਂ ਨੂੰ ਦਵਾਈ ਲਿਖਣ ਸਮੇਂ ਸਿਰਫ ਜੈਨੇਰਿਕ ਦਵਾਈਆਂ ਹੀ ਲਿਖਣ। ਸਰਕਾਰ ਦਾ ਦਾਅਵਾ ਹੈ ਕਿ ਇਸ ਨਾਲ਼ ਡਾਕਟਰਾਂ ਦੁਆਰਾ ਹੁੰਦੀ ਮਰੀਜ਼ਾਂ ਦੀ ਲੁੱਟ ਰੁਕੇਗੀ। ਖਬਰ ਅਨੁਸਾਰ ਸਰਕਾਰ ਹਸਪਤਾਲਾਂ ਨੂੰ ਦਵਾਈ ਦੀ ਸਪਲਾਈ ਵੀ ਵਧਾਏਗੀ (ਇਹੋ ਜਿਹੇ ਐਲਾਨ ਪੜ੍ਹਦੇ-ਸੁਣਦੇ ਸਭ ਦੀਆਂ ਅੱਖਾਂ-ਕੰਨ ਪੱਕ ਚੁੱਕੇ ਹਨ!) ਅਤੇ ਨਾਲ਼ ਹੀ ਦਵਾਈਆਂ ਦਾ ਪ੍ਰਬੰਧ ਆਨਲਾਈਨ ਕਰੇਗੀ (ਆਨਲਾਈਨ ਕਰਨ ਨੂੰ ਸਰਕਾਰਾਂ ਨੇ ਕੋਈ ਜਾਦੂ ਬਣਾ ਰੱਖਿਆ ਹੈ, ਜੋ ਆਪਣੇ-ਆਪ ਸਿਹਤ ਸੁਵਿਧਾਵਾਂ ਦੇਣ ਲੱਗੇਗਾ)। ਖੈਰ, ਅਸੀਂ ਸਰਕਾਰ ਦੇ ਪਹਿਲੇ ਐਲਾਨ ਕਿ "ਡਾਕਟਰ ਜੈਨੇਰਿਕ ਦਵਾਈਆਂ ਹੀ ਲਿਖਣਗੇ" ਦੀ ਪੁਣਛਾਣ ਕਰਦੇ ਹਾਂ ਅਤੇ ਦੇਖਦੇ ਹਾਂ ਇਸ ਨਾਲ਼ ਕਿੰਨੀ ਕੁ ਲੁੱਟ ਰੁਕੇਗੀ।

ਪਹਿਲਾਂ ਅਸੀਂ 'ਜੈਨੇਰਿਕ ਦਵਾਈਆਂ ਤੋਂ ਕੀ ਭਾਵ ਹੈ, ਇਹ ਸਮਝੀਏ। ਜਦੋਂ ਕੋਈ ਦਵਾ ਕੰਪਨੀ ਦਵਾਈ ਦੀ ਖੋਜ ਕਰਕੇ ਮੰਡੀ ਵਿੱਚ ਵੇਚਣ ਲਈ ਲੈਕੇ ਆਉਂਦੀ ਹੈ ਤਾਂ ਉਸ ਕੰਪਨੀ ਵੱਲੋਂ ਰੱਖੇ ਦਵਾਈ ਦੇ ਨਾਮ ਨੂੰ "ਬਰਾਂਡ" ਕਿਹਾ ਜਾਂਦਾ ਹੈ ਅਤੇ ਇਹ ਕੰਪਨੀ ਦਵਾਈ ਵੇਚਣ ਦੇ ਏਕਾਧਿਕਾਰ ਨੂੰ ਕਈ ਸਾਲਾਂ ਤੱਕ ਆਪਣੇ ਕੋਲ਼ ਰੱਖਦੀ ਹੈ ਤਾਂ ਕਿ ਉਹ ਉੱਚੀ ਕੀਮਤ ਰੱਖ ਕੇ ਆਪਣੇ "ਖਰਚੇ" ਪੂਰੇ ਕਰ ਸਕੇ, ਸਿੱਧਾ ਕਿਹਾ ਜਾਵੇ ਤਾਂ ਉਹ ਵੱਧ ਤੋਂ ਵੱਧ ਮੁਨਾਫਾ ਕਮਾ ਲੈਣਾ ਚਾਹੁੰਦੀ ਹੈ। ਫਿਰ ਜਦੋਂ ਉਹੀ ਦਵਾਈ ਬਣਾਉਣ ਦਾ ਹੱਕ ਹੋਰਨਾਂ ਕੰਪਨੀਆਂ ਕੋਲ਼ ਵੀ ਆ ਜਾਂਦਾ ਹੈ ਤਾਂ ਉਹਨਾਂ ਵੱਲੋਂ ਮੰਡੀ ਵਿੱਚ ਉਤਾਰੀ ਦਵਾਈ ਨੂੰ "ਜੈਨੇਰਿਕ" ਕਿਹਾ ਜਾਂਦਾ ਹੈ। ਮੂਲ ਦਵਾਈ ਦੇ ਜੈਨੇਰਿਕ ਬਰਾਂਡ ਨਾਲ਼ੋਂ ਸਸਤੇ ਹੁੰਦੇ ਹਨ। ਭਾਵੇਂ ਇਹ ਕਹਿਣ ਦੀ ਗੱਲ ਹੈ ਕਿਉਂਕਿ ਜੈਨੇਰਿਕ ਦੇ ਪੱਤੇ ਉੱਤੇ ਵੀ ਕੀਮਤ ਬਰਾਂਡ ਦੇ ਲਗਭਗ ਬਰਾਬਰ ਹੀ ਲਿਖੀ ਹੁੰਦੀ ਹੈ ਅਤੇ ਦਵਾਈਆਂ ਦੇ ਪ੍ਰਚੂਨ ਵਿਕਰੇਤਾ ਮਤਲਬ ਕੈਮਿਸਟ ਅਕਸਰ ਪੱਤੇ 'ਤੇ ਲਿਖੀ ਕੀਮਤ ਉੱਤੇ ਹੀ ਦਵਾਈ ਵੇਚਦੇ ਹਨ। ਇਸ ਲਈ ਆਮ ਲੋਕਾਂ ਨੂੰ ਤਾਂ ਜੈਨੇਰਿਕ ਦਾ ਕੋਈ ਬਹੁਤਾ ਫਾਇਦਾ ਨਹੀਂ ਹੁੰਦਾ, ਕੈਮਿਸਟਾਂ ਤੇ ਵਪਾਰੀਆਂ ਦਾ ਮੁਨਾਫਾ ਜਰੂਰ ਚੋਖਾ ਵਧ ਜਾਂਦਾ ਹੈ ਕਿਉਂਕਿ ਉਹਨਾਂ ਨੂੰ ਜੇਨੇਰਿਕ ਦਵਾਈਆਂ ਜੈਨੇਰਿਕ ਬਣਾਉਣ ਵਾਲ਼ੀ ਕੰਪਨੀ ਤੋਂ ਬਹੁਤ ਘੱਟ ਰੇਟਾਂ ਉੱਤੇ ਮਿਲ਼ ਜਾਂਦੀ ਹੈ। ਚਲੋ, ਇਹ ਤਾਂ ਰਹੀ ਆਮ ਬਾਜ਼ਾਰ ਵਿੱਚ ਜੈਨੇਰਿਕ ਦਵਾਈਆਂ ਦੀ ਕਹਾਣੀ, ਹੁਣ ਸਰਕਾਰੀ ਦਾਅਵੇ ਵੱਲ ਮੁੜਦੇ ਹਾਂ।

ਪਹਿਲੀ ਗੱਲ ਇਹ ਕਿ ਜੇ ਡਾਕਟਰ ਮਰੀਜ ਅਜਿਹੀ ਦਵਾਈ ਲਿਖ ਕੇ ਦਿੰਦਾ ਹੈ ਜੋ ਮਰੀਜ ਨੂੰ ਕਿਸੇ ਕੈਮਿਸਟ ਤੋਂ ਖਰੀਦਣੀ ਪਵੇਗੀ ਤਾਂ ਡਾਕਟਰ ਜੈਨੇਰਿਕ ਲਿਖੇ ਜਾਂ ਬਰਾਂਡ, ਮਰੀਜ